### 21 ਜਨਵਰੀ 2016 ਨੂੰ ਅੰਤਿਮ ਅਰਦਾਸ ਅਤੇ ਸਰਧਾਂਜਲੀ ਸਮਾਗਮ ਤੇ ਵਿਸ਼ੇਸ਼

ਭਵਨਦੀਪ ਸਿੰਘ ਪੁਰਬਾ
ਮੁੱਖ ਸੰਪਾਦਕ ਮਹਿਕ ਵਤਨ ਦੀ ਲਾਈਵ

# ਢਾਡੀ ਕਲਾ ਦੇ ਥੰਮ ਸਨ ਗੁਰਬਖਸ਼ ਸਿੰਘ ਅਲਬੇਲਾ



ਗੁਰਬਖਸ਼ ਸਿੰਘ ਅਲਬੇਲਾ ਨਾਮ ਸੀ ਉਸ ਸ਼ਖਸੀਅਤ ਦਾ ਜੋ ਢਾਡੀ, ਗੀਤਕਾਰ ਅਤੇ ਇਤਿਹਾਸਕਾਰ ਤਾਂ ਹੈ ਹੀ ਸੀ। ਇਸ ਤੋਂ ਇਲਾਵਾ ਉਸ ਨੂੰ ਅਨੇਕਾਂ ਸ਼ਗਿਰਦਾਂ ਦਾ ਗੁਰੂ ਹੋਣ ਦਾ ਮਾਣ ਵੀ ਹਾਸਲ ਹੈ। ਉਨ੍ਹਾਂ ਦੇ ਸ਼ਗਿਰਦਾਂ ਦੀ ਗਿਣਤੀ ਦਾ ਅੰਦਾਜ਼ਾ ਤਾਂ ਇਸ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੇ ਘਰ ਰੋਜ਼ਾਨਾ 28 ਕਿਲੋ ਆਟਾ ਗੁੰਨਿਆ ਜਾਂਦਾ ਸੀ। ਇੰਨੇ ਗੁਣਾਂ ਦੇ ਧਾਰਨੀ ਹੋਣ ਦੇ ਨਾਲ-ਨਾਲ ਉਹ ਚੰਗੇ ਸਮਾਜ ਸੇਵਕ ਵੀ ਸਨ। ਇਕ ਦਿਨ ਸਾਡਾ ਵੀ ਉਨ੍ਹਾਂ ਨੂੰ ਮਿਲਣ ਦਾ ਸਬੱਬ ਬਣਿਆ। ਉਨ੍ਹਾਂ ਨਾਲ ਗੱਲਬਾਤ ਕਰਨ ਤੋਂ ਪਤਾ ਲੱਗਾ ਕਿ ਅਲਬੇਲਾ ਜੀ ਕਿੰਨੇ ਖੁਸ਼ ਦਿਲ ਅਤੇ ਮਿਲਾਪੜੇ ਇਨਸਾਨ ਸੀ ਉਹ ਆਪਣੇ ਢਾਡੀ ਜੱਥੇ ਦੇ ਨਾਲ ਮਿਲ ਕੇ ਧਰਮ ਦੀ ਸੇਵਾ ਤਾਂ ਕਰਦੇ ਹੀ ਸਨ ਨਾਲ-ਨਾਲ ਸਮਾਜ ਸੇਵਾ ਵਿਚ ਯੋਗਦਾਨ ਪਾਉਂਦੇ ਹੋਏ ਉਨ੍ਹਾਂ ਨੇ ਤਕਰੀਬਨ 20-22 ਲੜਕੀਆਂ ਦੇ ਵਿਆਹ ਆਪਣੇ ਕੋਲੋਂ ਖਰਚਾ ਕਰਕੇ ਕੀਤੇ ਹਨ। ਦੋ ਬੱਚੀਆਂ ਦੇ ਪਿਤਾ ਸ. ਗੁਰਬਖਸ਼ ਸਿੰਘ ਆਪਣੇ ਸਾਰੇ ਸ਼ਗਿਰਦਾਂ ਨੂੰ ਆਪਣੇ ਪੁੱਤਰ ਹੀ ਸਮਝਦੇ ਸਨ।

ਅਲਬੇਲਾ ਜੀ ਦਾ ਜਨਮ 3 ਮਈ 1957 ਨੂੰ ਪਿੰਡ ਬੁਰਜਰਾਜਗੜ੍ਹ ਵਿਖੇ ਮਾਤਾ ਮਹਿੰਦਰ ਕੌਰ ਦੀ ਕੁੱਖੋਂ ਹੋਇਆ। ਪਿਤਾ ਜੀ ਨਾਮ ਦਿਆਲ ਸਿੰਘ ਧਾਲੀਵਾਲ ਸੀ। ਉਨ੍ਹਾਂ ਨੇ ਪ੍ਰਾਇਮਰੀ ਸਿੱਖਿਆ ਆਪਣੇ ਪਿੰਡ ਬੁਰਜ ਰਾਜਗੜ੍ਹ ਤੋਂ ਹੀ ਪ੍ਰਾਪਤ ਕੀਤੀ ਤੇ ਹਾਈ ਦਸ਼ਮੇਸ਼ ਸਕੂਲ ਰਾਮਪੁਰਾ ਫੂਲ ਤੋਂ ਅਤੇ ਉਥੇ ਹੀ ਗਿਆਨੀ ਕੀਤੀ। ਅਲਬੇਲਾ ਜੀ 1979 ਵਿਚ ਟੀਚਰ ਲੱਗ ਗਏ। ਇਸੇ ਕਰਕੇ ਕਈ ਲੋਕ ਅਲਬੇਲਾ ਜੀ ਨੂੰ ਮਾਸਟਰ ਜੀ ਹੀ ਆਖਦੇ ਸਨ।

ਉਨ੍ਹਾਂ ਨੂੰ ਬਚਪਨ ਤੋਂ ਹੀ ਗਾਉਣ ਦਾ ਅਤੇ ਗੀਤ ਲਿਖਣ ਦਾ ਸ਼ੌਕ ਸੀ। ਚੌਥੀ ਕਲਾਸ ਵਿਚ ਉਹਨਾ ਦੇ ਮਾਸਟਰ ਓਮ ਪ੍ਰਕਾਸ਼ ਸਿੰਗਲਾ ਜੀ ਨੇ ਅਲਬੇਲਾ ਜੀ ਤੋਂ ਗੀਤ ਸੁਣਨੇ। ਪੰਜਵੀਂ ਵਿਚ ਅਲਬੇਲਾ ਜੀ ਦੇ ਮਾਸਟਰ ਗੁਰਚਰਨ ਸਿੰਘ ਭਗਤਾ ਉਨ੍ਹਾਂ ਨੂੰ ਸ਼ੌਕ ਸੀ ਗੀਤਕਾਰੀ ਦਾ, ਉਨ੍ਹਾਂ ਨੇ ਅਲਬੇਲਾ ਜੀ ਤੋਂ ਗੀਤ ਸੁਣਨੇ। ਦਸਵੀਂ ਵਿਚ ਮਾਸਟਰ ਜੀ ਸਨ ਜੋ ਗ਼ਜ਼ਲ ਸੁਨਣ ਦੇ ਬਹੁਤ ਸ਼ੌਕੀਨ ਸਨ। ਆਪਣੇ ਟੀਚਰਾਂ ਦੀ ਹੱਲਾਸ਼ੇਰੀ ਨਾਲ ਅਲਬੇਲਾ ਜੀ ਅੱਗੇ ਵਧਦੇ ਗਏ। ਅਲਬੇਲਾ ਜੀ ਨੂੰ ਢਾਡੀ ਬਨਾਉਣ ਵਿਚ ਬਲਵਿੰਦਰ ਸਿੰਘ ਖਹਿਰਾ (ਐਸ.ਪੀ.ਡੀ.) ਦਾ ਹੱਥ ਹੈ। ਅਲਬੇਲਾ ਜੀ ਨੇ ਪੰਜ ਸਾਲ ਮਾਸਟਰੀ ਦੀ ਨੌਕਰੀ ਕਰਕੇ 1984 ਵਿਚ ਨੌਕਰੀ ਛੱਡ ਕੇ ਪੂਰੀ ਤਰ੍ਹਾਂ ਢਾਡੀ ਕਲਾ ਨੂੰ ਚੁਣ ਲਿਆ।

ਅਲਬੇਲਾ ਜੀ ਨੇ ਗਾਉਣਾ ਤਾਂ ਬਚਪਨ ਤੋਂ ਹੀ ਸੀ ਸ਼ੁਰੂ ਕਰ ਦਿੱਤਾ ਸੀ ਪਰ ਉਨ੍ਹਾਂ ਨੇ ਸਭ ਤੋਂ ਪਹਿਲਾ ਪ੍ਰੋਗਰਾਮ 12 ਜਨਵਰੀ 1989 ਨੂੰ ਪਿੰਡ ਪੱਕਾ ਕਲਾਂ ਜ਼ਿਲ੍ਹਾ ਬਠਿੰਡਾ ਵਿਚ ਲਾਇਆ। ਉਨ੍ਹਾਂ ਪਹਿਲੀ ਕੈਸੇਟ ਸੀ "ਪਰਉਪਕਾਰੀ ਖਾਲਸਾ" ਇਹ ਇੰਦਰਲੋਕ ਕੰਪਨੀ (ਜੋ ਕਿ ਹੁਣ ਸਟੂਡੀਓ ਹੈ) ਵੱਲੋਂ ਕੀਤੀ ਗਈ ਸੀ। ਦੂਸਰੀ ਕੈਸੇਟ ਹਿੰਦ ਦੀ ਚਾਦਰ (ਜੋ ਕਿ ਸੁਪਰਹਿੱਟ ਹੋਈ) ਇਹ ਕੈਸੇਟ ਪਾਇਲ ਕੰਪਨੀ ਵਿਚ ਆਈ। ਅਲਬੇਲਾ ਜੀ ਦੇ ਢਾਡੀ ਗਾਉਣ ਦੀਆਂ ਟੇਪਾਂ 122 ਮੁਲਕਾਂ ਵਿਚ ਚੱਲ ਰਹੀਆਂ ਹਨ ਜਿਥੇ-ਜਿਥੇ ਵੀ ਕੋਈ ਪੰਜਾਬੀ ਹੈ ਉਤੇ ਉਨ੍ਹਾਂ ਕੈਸੇਟ ਚੱਲਦੀ ਹੈ।

ਅਲਬੇਲਾ ਜੀ ਨੂੰ ਤਕਰੀਬਨ 22 ਮੁਲਕਾਂ ਦੇ ਸੱਦੇ ਆਏ ਸਨ। ਪ੍ਰੋਗਰਾਮ ਕਰਨ ਲਈ ਕੈਨੇਡਾ, ਰਸ਼ੀਆ, ਡੁਬਈ, ਨਿਊਜ਼ੀਲੈਂਡ ਅਤੇ ਮੰਡੀਲਾ ਦੇ ਦੌਰੇ 'ਤੇ ਜਾ ਚੁੱਕੇ ਸਨ। ਜ਼ਿਆਦਾ ਸਮਾ ਉਨ੍ਹਾਂ ਦੇ ਸਾਥੀ ਬਲਦੇਵ ਸਿੰਘ ਬਿੱਲੂ, ਜਸਵੰਤ ਸਿੰਘ ਦੀਵਾਨਾ ਤੇ ਸਾਰੰਗੀ ਮਾਸਟਰ ਸਤਨਾਮ ਸਿੰਘ ਲਾਲੀ ਰਹੇ।

ਅਦਾਕਾਰੀ ਵਿਚ ਅਲਬੇਲਾ ਜੀ ਨੇ ਛੋਟੇ ਹੁੰਦਿਆਂ ਹੀ ਡਰਾਮੇ ਕਰਨ ਲੱਗ ਪਏ ਸੀ ਅਤੇ 1977 ਵਿਚ ਉਨ੍ਹਾਂ ਆਪਣੀ ਡਰਾਮਾ ਪਾਰਟੀ ਤਿਆਰ ਕਰ ਲਈ ਸੀ 'ਅਲਬੇਲਾ ਡਰਾਮਾ ਪਾਰਟੀ'। ਉਸ ਸਮੇਂ ਨਛੱਤਰ ਛੱਤਾ ਵੀ ਛੋਟਾ ਜਿਹਾ ਸੀ ਉਹ ਵੀ ਉਨ੍ਹਾਂ ਨਾਲ ਹੀ ਸੀ। ਇਨ੍ਹਾਂ ਦੀ ਡਰਾਮਾ ਪਾਰਟੀ ਦੀ ਇਲਾਕੇ ਵਿੱਚ ਇਨ੍ਹੀ ਚੜ੍ਹਾਈ ਸੀ ਕਿ ਵਿਆਹ-ਸਾਦੀ ਮੌਕੇ ਲੋਕ ਗਾਉਣ ਵਾਲੇ ਕਲਾਕਾਰਾਂ ਨੂੰ ਛੱਡ ਕੇ ਅਲਬੇਲਾ ਜੀ ਦੇ ਡਰਾਮੇ ਕਰਵਾਉਣ ਲੱਗੇ। ਇਹਨਾ ਡਰਾਮਿਆਂ 'ਚੋ ਪੂਰਮ ਭਗਤ ਦਾ ਡਰਾਮਾ ਸਭ ਤੋਂ ਪ੍ਰਸਿੱਧ ਸੀ। ਪੂਰਨ ਦਾ ਰੋਲ ਨਛੱਤਰ ਛੱਤਾ ਕਰਦਾ ਹੁੰਦਾ ਸੀ। ਅਲਬੇਲਾ ਜੀ ਦੀ ਡਰਾਮਾ ਪਾਰਟੀ ਦੀ ਚੜ੍ਹਾਈ ਦਾ ਇਥੋਂ ਵੀ ਪਤਾ ਲੱਗਦਾ ਹੈ ਕਿ ਉਸ ਸਮੇਂ ਮੁਹੰਮਦ ਸਦੀਕ ਪ੍ਰੋਗਰਾਮ ਦਾ 800 ਰੁਪਇਆ ਲੈਂਦਾ ਸੀ ਅਤੇ ਅਲਬੇਲਾ ਜੀ 1500 ਰੁਪਇਆ ਲੈਂਦੇ ਸੀ। ਉਨ੍ਹਾਂ ਬਹੁਤ ਜ਼ਿਆਦਾ ਡਰਾਮੇ ਕੀਤੇ ਹੌਲੀ-ਹੌਲੀ ਲੋਕਾਂ ਦਾ ਝੁਕਾਅ ਇਧਰੋਂ ਘੱਟ ਗਿਆ ਤੇ ਉਨ੍ਹਾਂ ਨੇ ਢਾਡੀ ਕਲਾ ਨੂੰ ਚੁਣ ਲਿਆ।

ਉਹਨਾ ਦੇ ਬਹੁਤ ਜ਼ਿਆਦਾ ਸ਼ਗਿਰਦ ਹਨ ਜਿਨ੍ਹਾਂ ਵਿਚ ਨਛੱਤਰ ਛੱਤਾ (ਜੋ ਕਿ 11 ਸਾਲ ਕੋਲ ਰਿਹਾ), ਬਲਕਾਰ ਸਿੱਧੂ, ਗਗਨਦੀਪ, ਅਮਨਦੀਪ (ਜੋ ਕਿ ਸੰਗੀਤ ਦੀ ਬੀ.ਏ. ਕਰ ਚੁੱਕਾ ਹੈ), ਨਿਰਮਲ ਗਿੱਲ, ਧਰਮਪ੍ਰੀਤ, ਸੰਦੀਪ ਸੋਨਾ, ਬਲਤੇਜ ਬਿੱਟੂ, ਰਵਿੰਦਰ ਚੰਨਾ, ਪਵਿੱਤਰ ਅਤੇ ਹੋਰ ਅਨੇਕਾਂ (ਜੋ ਅਜੇ ਸਿਖ ਰਹੇ ਸਨ)।

ਉਨ੍ਹਾਂ ਨੇ ਵੈਸੇ ਤਾਂ ਬਹੁਤ ਗੀਤ ਲਿਖੇ ਹਨ ਪਰ ਜਿਹੜੇ ਬਹੁਤ ਮਸ਼ਹੂਰ ਹੋਏ ਹਨ। ਉਨ੍ਹਾਂ ਦੀ ਗਿਣਤੀ 50 ਤੋਂ 60 ਦੇ ਵਿਚਕਾਰ ਹੈ। ਉਨ੍ਹਾਂ ਦਾ ਸਭ ਤੋਂ ਪਹਿਲਾ ਗੀਤ "ਵੋਟਾਂ ਵਿਚ ਮੈਂ ਖੜੀ" ਰਿਕਾਰਡ ਹੋਇਆ। ਇਹ ਗਾਇਕ ਕੇ. ਐਸ. ਪਰਦੇਸੀ ਦੀ ਆਵਾਜ਼ ਵਿਚ ਰਿਕਾਰਡ ਹੋਇਆ। ਉਨ੍ਹਾਂ ਦਾ ਦੂਸਰਾ ਗੀਤ "ਮੰਦੜੇ ਬੋਲ ਨਾ ਬੋਲ" ਨਛੱਤਰ ਛੱਤੇ ਦੀ ਆਵਾਜ਼ ਵਿਚ ਰਿਕਾਰਡ ਹੋਇਆ। ਇਹ ਗੀਤ ਬਹੁਤ ਮਸ਼ਹੂਰ ਹੋਇਆ। ਇਸ ਤੋਂ ਬਾਅਦ ਬਲਕਾਰ ਦੀ ਆਵਾਜ਼ ਵਿਚ ਦਿਨ ਪੇਪਰਾਂ ਦੇ, ਤੂੰ ਹੋ ਗਈ ਮੁਟਿਆਰ, ਤੇਰੀ ਵੀਹੀ ਵਿਚ ਆਦਿ ਕਾਫੀ ਮਸ਼ਹੂਰ ਹੋਏ।

ਅਲਬੇਲਾ ਜੀ ਪੱਤਰਕਾਰੀ ਦੇ ਖੇਤਰ ਵਿੱਚ ਵੀ ਵਿਸ਼ੇਸ ਮੁਹਾਰਤ ਰੱਖਦੇ ਸਨ। ਉਹ 2005 ਤੋਂ ਹੁਣ ਤੱਕ ਅੰਤਰ-ਰਾਸ਼ਟਰੀ ਮੈਗਜੀਨ 'ਮਹਿਕ ਵਤਨ ਦੀ' ਦੇ ਸਪ੍ਰਸਤ ਰਹੇ ਹਨ। ਉਨ੍ਹਾਂ ਨੇ ਕਈ ਨਵੇਂ ਲੜਕਿਆਂ ਨੂੰ ਪੱਤਰਕਾਰੀ ਦੀਆਂ ਬਰੀਕੀਆ ਤੋਂ ਜਾਣੂ ਕਰਵਾਇਆਂ ਹੈ।

11 ਜਨਵਰੀ 2016 ਨੂੰ ਢਾਡੀ ਕਲਾ ਦਾ ਇਹ ਥੰਮ ਡਿੱਗ ਪਿਆਂ। ਸਰੀਰਕ ਤੌਰ ਤੇ ਤਾਂ ਇਹ ਕੜਕਦੀ ਆਵਾਜ ਥੰਮ ਗਈ ਪਰ ਉਹਨ੍ਹਾ ਦੇ ਲਿਖੇ ਗੀਤ ਤੇ ਗਾਏ ਢਾਡੀ ਪ੍ਰਸੰਗ ਰਹਿੰਦੀ ਦੁਨੀਆਂ ਤੱਕ ਵਜਦੇ ਰਹਿਣਗੇ। ਅਲਬੇਲਾ ਨਾਮ ਹਮੇਸ਼ਾ ਅਮਰ ਰਹੇਗਾ।




ਮਹਿਕ ਵਤਨ ਦੀ ਮੈਗਜ਼ੀਨ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਅਤੇ ਭਾਗਵੰਤੀ ਪੁਰਬਾ ਦੇ ਵਿਆਹ ਮੌਕੇ ਢਾਡੀ ਗੁਰਬਖਸ਼ ਸਿੰਘ ਅਲਬੇਲਾ, ਉਸਤਾਦ ਬਲਦੇਵ ਸਿੰਘ ਬਿੱਲੂ, ਜਸਵੰਤ ਸਿੰਘ ਦੀਵਾਨਾ, ਬਲਤੇਜ ਬਿੱਟੂ ਅਤੇ ਹੋਰ। ਫੋਟੋ ਤੇ ਵੇਰਵਾ : ਅਨਮੋਲ, ਮੋਗਾ



ਪੁਰਾਣੀ ਯਾਦ : ਅਲਾਪ ਐਂਟਰਟੇਨਮੈਂਟ ਗਰੁੱਪ (ਰਜਿ.) ਮੋਗਾ ਵੱਲੋਂ ਕਰਵਾਏ ਗਏ ਧਾਰਮਿਕ ਪ੍ਰੋਗਰਾਮ 'ਸਿੱਖੀ ਦਾ ਮਾਣ' ਦੇ ਇਨਾਮ ਵੰਡ ਸਮਾਰੋਹ ਮੌਕੇ ਢਾਡੀ ਗੁਰਬਖਸ਼ ਸਿੰਘ ਅਲਬੇਲਾ, ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਚੰਦ ਪੁਰਾਣਾ, ਭਵਨਦੀਪ ਸਿੰਘ ਪੁਰਬਾ ਅਤੇ ਗਰੁੱਪ ਮੈਂਬਰਜ਼। ਫੋਟੋ : ਮਹਿਕ ਵਤਨ ਦੀ